# ਗੁਰੂ ਅੰਗਦ ਦੇਵ ਜੀ
## (੧੫੦੪-੧੫੫੨, ਗੁਰਗੱਦੀ: ੧੫੩੯-੧੫੫੨)

ਗੁਰੂ ਅੰਗਦ ਦੇਵ ਜੀ ਦਾ ਜਨਮ ਪੰਜਾਬ ਵਿੱਚ ਫ਼ੀਰੋਜ਼ਪੁਰ ਜ਼ਿਲੇ ਦੇ ਪਿੰਡ ਹਰੀਕੇ ਵਿੱਚ ੩੧ ਮਾਰਚ ੧੫੦੪ ਨੂੰ ਹੋਇਆ। ਇਨ੍ਹਾਂ ਦੇ ਪਿਤਾ ਭਾਈ ਫੇਰੂ ਜੀ ਇੱਕ ਵਪਾਰੀ ਸਨ। ਮਾਤਾ-ਪਿਤਾ ਨੇ ਇਨ੍ਹਾਂ ਦਾ ਨਾਮ ਲਹਿਣਾ ਰੱਖਿਆ। ਇਨ੍ਹਾਂ ਦਾ ਵਿਆਹ ੧੫ ਵਰ੍ਹੇ ਦੀ ਉਮਰ ਤੇ ਹੋ ਗਿਆ। ਇਨ੍ਹਾਂ ਦੀ ਸੁਪਤਨੀ, ਬੀਬੀ ਖੀਵੀ, ਫ਼ੀਰੋਜਪੁਰ ਜ਼ਿਲੇ ਦੇ ਪਿੰਡ ਮੱਤੇ ਦੀ ਸਰਾਂ ਦੀ ਵਾਸੀ ਸੀ। ਗੁਰੂ ਜੀ ਦੇ ਪਿਤਾ ਹਰੀਕੇ ਤੋਂ ਉਕਤਾ ਗਏ ਅਤੇ ਆਪਣੇ ਪਿਤਾ ਪੁਰਖੀ ਥਾਂ, ਮੱਤੇ ਦੀ ਸਰਾਂ, ਆਕੇ ਵੱਸ ਗਏ। ਭਾਈ ਲਹਿਣਾ ਜੀ ਦੇ ਗ੍ਰਹਿ ਦੋ ਸਪੁਤਰੀਆਂ, ਬੀਬੀ ਅਮਰੋ ਅਤੇ ਬੀਬੀ ਅਨੋਖੀ, ਅਤੇ ਸੋ ਸਪੁਤਰਾਂ, ਦਾਸੂ ਅਤੇ ਦਾਤੂ ਨੇ ਜਨਮ ਲਿਆ।

ਜਦ ਮੁਗਲਾਂ ਅਤੇ ਬਲੋਚਾਂ ਨੇ 'ਮੱਤੇ ਦੀ ਸਰਾਂ' ਬਰਬਾਦ ਕਰ ਦਿੱਤਾ, ਭਾਈ ਲਹਿਣਾ ਅਤੇ ਉਨ੍ਹਾਂ ਦੇ ਪਿਤਾ ਖਡੂਰ ਆ ਗਏ, ਜੋ ਹੁਣ ਤਰਨ ਤਾਰਨ ਦੇ ਨੇੜੇ ਇੱਕ ਪ੍ਰਸਿਧ ਨਗਰ ਹੈ। ਭਾਈ ਲਹਿਣਾ ਆਪਣੀ ਮਾਤਾ, ਬੀਬੀ ਦਇਆ ਕੌਰ ਦੇ ਪ੍ਰਭਾਵ ਹੇਠ ਬੜੇ ਧਾਰਮਕ ਸੁਭਾਅ ਦੇ ਹੋ ਗਏ ਅਤੇ ਸ਼ਕਤੀ ਦੀ ਦੇਵੀ, ਦੁਰਗਾ ਦੇ ਭਗਤ ਬਣ ਗਏ। ਉਹ ਸ਼ਰਧਾਲੂ ਹਿੰਦੂਆਂ ਦੀ ਟੋਲੀ ਬਣਾ ਕੇ ਹਰ ਵਰ੍ਹੇ ਜਵਾਲਾਮੁਖੀ ਦੀ ਯਾਤਰਾ ਕਰਨ ਜਾਇਆ ਕਰਦੇ ਸਨ। ਇਥੇ, ਹੇਠਲੇ ਹਿਮਾਲਿਆ ਪਰਬਤਾਂ ਵਿੱਚ, ਇੱਕ ਦੁਰਗਾ ਦਾ ਮੰਦਰ ਹੈ ਅਤੇ ਪਹਾੜਾਂ ਵਿਚੋਂ ਅੱਗ ਦੇ ਲੰਬੂ ਨਿਕਲਦੇ ਸਨ। ਭਾਈ ਲਹਿਣਾ ਇਹਨਾਂ ਅੱਗਾਂ ਦੇ ਲੰਬੂਆਂ ਦੁਆਲੇ ਘੁੰਗਰੂ ਪਾਕੇ ਦੁਰਗਾ ਨਾਚ ਦੀ ਅਗਵਾਈ ਕਰਦੇ ਸਨ।

ਇੱਕ ਗੁਰਸਿਖ, ਭਾਈ ਜੋਧਾ, ਖਡੂਰ ਵਿੱਚ ਰਹਿੰਦਾ ਸੀ। ਉਸਦਾ ਨਿਤ ਦਾ ਨੇਮ ਸੀ ਸਵੇਰੇ ਸਵਖਤੇ ਉਠਣਾ ਅਤੇ ਜਪੁਜੀ ਅਤੇ ਆਸਾ ਦੀ ਵਾਰ ਦਾ ਪਾਠ ਕਰਨਾ। ਇੱਕ ਦਿਨ ਜਦ ਭਾਈ ਲਹਿਣਾ ਨੇ ਇਸ ਰੱਬੀ ਬਾਣੀ ਦਾ ਪਾਠ ਧਿਆਨ ਲਾਕੇ ਸੁਣਿਆ ਤਾਂ ਉਸਦੇ ਮਨ ਨੂੰ ਠੰਢ ਪੈ ਗਈ। ਦਿਨ ਚੜ੍ਹਿਆ ਤਾਂ ਭਾਈ ਜੋਧਾ ਨੂੰ ਪੁਛਿਆ ਕਿ ਇਹ ਬਾਣੀ ਕਿਸਦੀ ਰਚਨਾ ਹੈ ਜੋ ਮਨ ਨੂੰ ਐਨਾ ਟੁੰਬਦੀ ਹੈ? ਭਾਈ ਜੋਧਾ ਨੇ ਗੁਰੂ ਨਾਨਕ ਜੀ, ਜੋ ਉਨ੍ਹਾਂ ਦਿਨਾਂ ਵਿੱਚ ਕਰਤਾਰਪੁਰ ਰਹਿੰਦੇ ਸੀ, ਬਾਰੇ ਸਭ ਕੁਝ ਦੱਸਿਆ। ਇਸ ਰੱਬੀ ਬਾਣੀ ਦੀ ਛੁਹ ਨੇ ਭਾਈ ਲਹਿਣਾ ਦੇ ਮਨ ਤੇ ਅਜਿਹਾ ਪ੍ਰਭਾਵ ਪਾਇਆ ਕਿ ਉਹ ਗੁਰੂ ਜੀ ਨੂੰ ਮਿਲਣ ਵਾਸਤੇ ਉਤਾਵਲੇ ਹੋ ਗਏ। ਜਦ ਉਹ ਜਵਾਲਾਮੁਖੀ ਦੀ ਅਗਲੀ ਵਾਰਸ਼ਕ ਯਾਤਰਾ ਤੇ ਚੱਲੇ ਤਾਂ ਰਾਹ ਵਿੱਚ ਕਰਤਾਰਪੁਰ ਹੀ ਰੁਕ ਗਏ, ਗੁਰੂ ਨਾਨਕ ਜੀ ਨੂੰ ਸ਼ਰਧਾਂਜਲੀ ਭੇਟਾ ਕਰਨ ਲਈ। ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਗੁਰੂ ਨਾਨਕ ਜੀ ਨੇ ਭਾਈ ਲਹਿਣਾ ਨੂੰ ਸੱਚੇ ਸ੍ਰਿਸ਼ਟੀ ਦੇ ਰਚਨਹਾਰ ਅਕਾਲ ਪੁਰਖ ਬਾਰੇ ਦੱਸਿਆ। ਭਾਈ ਲਹਿਣਾ ਦੇ ਮਨ ਤੇ ਅਜਿਹਾ ਪ੍ਰਭਾਵ ਪਿਆ ਕਿ ਇਨ੍ਹਾਂ ਨੇ ਘੁੰਗਰੂ ਜੋ ਦੇਵੀ ਅੱਗੇ ਨੱਚਣ ਲਈ ਨਾਲ ਲਿਆਏ ਸਨ, ਸੁੱਟ ਦਿੱਤੇ। ਇਨ੍ਹਾਂ ਦੇ ਮਨ ਨੂੰ ਅਜੇਹੀ ਸ਼ਾਂਤੀ ਮਿਲੀ ਕਿ ਯਾਤਰਾ ਜਾਰੀ ਰਖਣਾ ਛੱਡਕੇ ਗੁਰੂ ਜੀ ਦੇ ਚਰਨਾਂ ਵਿੱਚ ਰਹਿਣ ਦਾ ਫੈਸਲਾ ਕਰ ਲਿਆ। ਇਨ੍ਹਾਂ ਦੀ ਵੱਧਦੀ ਸ਼ਰਧਾ ਵੇਖਕੇ ਗੁਰੂ ਜੀ ਨੇ ਇਨ੍ਹਾਂ ਨੂੰ ਕਿਹਾ ਕਿ ਆਣੇ ਪਿੰਡ ਜਾਓ ਅਤੇ ਆਪਣੇ ਘਰ ਦੇ ਮਾਮਲੇ ਨਿਪਟ ਆਓ ਅਤੇ ਵਾਪਸ ਆਉਣ ਤੇ ਗੁਰੂ ਜੀ ਇਨ੍ਹਾਂ ਨੂੰ ਸਿੱਖੀ ਵਿੱਚ ਪ੍ਰਵੇਸ਼ ਕਰਾ ਦੇਣਗੇ। ਇਹ ਸੁਣਕੇ ਭਾਈ ਲਹਿਣਾ ਕੁਝ ਸਮੇਂ ਲਈ ਖਡੂਰ ਆ ਗਏ।

ਭਾਈ ਲਹਿਣਾ ਜੀ ਨੂੰ ਕਿਸ ਤਰ੍ਹਾਂ ਗੁਰਗੱਦੀ ਦਿਤੀ ਗਈ ਇਹ ਸਾਰੇ ਹਾਲਾਤ ਪਿਛਲੇ ਕਾਂਡ ਵਿੱਚ ਵਰਨਣ ਕਰ ਆਏ ਹਾਂ। ਇੱਕ ਦਿਨ ਗੁਰੂ ਜੀ ਦੇ ਸਿਖ ਇਕਤ੍ਰ ਹੋਏ ਬੈਠੇ ਸਨ ਤਦ ਗੁਰੂ ਜੀ ਨੇ ਭਾਈ ਲਹਿਣਾ ਜੀ ਨੂੰ ਆਪਣੇ ਤਖਤ ਤੇ ਬਿਠਾਕੇ ਪੰਜ ਪੈਸੇ ਅਤੇ ਨਰੇਲ ਇਨ੍ਹਾਂ ਦੇ ਅੱਗੇ ਰਖਕੇ ਸਿਰ ਨਿਵਾਇਆ ਅਤੇ ਫਿਰ ਭਾਈ ਬੁੱਢਾ ਜੀ ਨੂੰ ਕਿਹਾ, "ਇਹ ਹਨ ਮੇਰੇ ਜਾਨਸ਼ੀਨ ਗੁਰੂ ਅੰਗਦ, ਇਨ੍ਹਾਂ ਦੇ ਮੱਥੇ ਤੇ, ਗੁਰਗੱਦੀ ਸੌਂਪੀ ਜਾਣ ਦੇ ਚਿੰਨ੍ਹ ਵਜੋਂ, ਤਿਲਕ ਲਾਓ।" ਭਾਈ ਬੁਢਾ ਜੀ ਨੇ ਉਵੇਂ ਤਿਲਕ ਲਾਇਆ। ਫਿਰ ਗੁਰੂ ਜੀ ਨੇ ਸਿਖਾਂ ਨੂੰ ਗੁਰੂ ਅੰਗਦ ਜੀ ਦਾ ਹੁਕਮ ਮੰਨਣ ਅਤੇ ਸੇਵਾ ਕਰਨ ਦੀ ਆਗਿਆ ਕੀਤੀ ਕਿ ਗੁਰੂ ਅੰਗਦ ਜੀ ਮੇਰਾ ਹੀ ਰੂਪ ਹਨ। ਭਾਈ ਗੁਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਮਿਲਣ ਦਾ ਵਰਨਣ ਆਪਣੀ ਪਹਿਲੀ ਵਾਰ ਦੀ ੪੫ਵੀਂ ਪਉੜੀ ਵਿੱਚ ਕੀਤਾ ਹੈ:

"ਥਾਪਿਆ ਲਹਿਣਾ ਜੀਵਦੇ, ਗੁਰਿਆਈ ਸਿਰਿ ਛਤ੍ਰ ਫਿਰਾਇਆ। ਜੋਤੀ ਜੋਤਿ ਮਿਲਾਇ ਕੈ, ਸਤਿਗੁਰ ਨਾਨਕ ਰੂਪ ਵਟਾਇਆ। ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ। ਕਾਇਆ ਪਲਟਿ ਸਰੂਪ ਬਣਾਇਆ।"

ਗੱਦੀ ਤੇ ਬਿਰਾਜਮਾਨ ਕਰਨ ਪਿਛੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਆਦੇਸ਼ ਦਿੱਤਾ ਕਿ ਖਡੂਰ ਵਾਪਸ ਚਲੇ ਜਾਵੋ ਅਤੇ ਉਥੇ ਹੀ ਨਿਵਾਸ ਰੱਖੋ। ਗੁਰੂ ਅੰਗਦ ਦੇਵ ਜੀ ਨੇ ਇਵੇਂ ਹੀ ਕੀਤਾ।

## ਗੁਰੂ ਅੰਗਦ ਜੀ ਇਕਾਂਤ ਵਿੱਚ :

ਗੁਰੁ ਅੰਗਦ ਦੇਵ ਜੀ ਖਡੂਰ ਦੇ ਨੇੜੇ ਇੱਕ ਘਰ ਦੇ ਕਮਰੇ ਵਿੱਚ ਇਕਾਂਤ ਬੈਠ ਗਏ ਅਤੇ ਬਾਹਰੋਂ ਜੰਦਰਾ ਲਗਵਾ ਦਿੱਤਾ ਅਤੇ ਅਕਾਲ ਪੁਰਖ ਦੀ ਅਰਾਧਨਾ ਵਿੱਚ ਬਿਨਾਂ ਕਿਸੇ ਪਰੇਸ਼ਾਨੀ ਜਾਂ ਰੁਕਾਵਟ ਦੇ ਲਗ ਗਏ। ਰੋਜ਼ ਇੱਕ ਦੁਧ ਦੇ ਕਟੋਰੇ ਤੋਂ ਸਿਵਾ ਗੁਰੂ ਜੀ ਕੁਛ ਵੀ ਨਹੀ ਖਾਂਦੇ ਜਾਂ ਪੀਂਦੇ ਸਨ। ਕੋਈ ਛੇ ਕੁ ਮਹੀਨੇ ਇਸ ਤਰ੍ਹਾਂ ਲੰਘ ਗਏ ਅਤੇ ਸਿਖਾਂ ਨੂੰ ਗੁਰੂ ਜੀ ਦੇ ਟਿਕਾਣੇ ਦਾ ਕੁਝ ਪਤਾ ਨਹੀਂ ਸੀ। ਇੱਕ ਭਾਈ ਲਾਲੋ, ਭਾਈ ਸੈਦੋ ਅਤੇ ਭਾਈ ਅਜਿਤਾ ਹੋਰ ਸਿਖਾਂ ਨਾਲ ਭਾਈ ਬੁੱਢਾ ਜੀ ਕੋਲ ਆਏ ਅਤੇ ਪੁਛਿਆ ਕਿ ਗੁਰੂ ਜੀ ਕਿੱਥੇ ਚੱਲੇ ਗਏ ਹਨ? ਉਹਨਾਂ ਨੇ ਸਾਰੇ ਖਡੂਰ ਨਗਰ ਵਿੱਚ ਅਤੇ ਹੋਰ ਥਾਵਾਂ ਤੇ ਭਾਲ ਕੀਤੀ ਸੀ ਪਰ ਗੁਰੂ ਜੀ ਦਾ ਪਤਾ ਨ ਲੱਗਾ। ਕਿਹਾ ਜਾਂਦਾ ਹੈ ਕਿ ਭਾਈ ਬੁੱਢਾ ਜੀ ਅੰਤਰ ਧਿਆਨ ਹੋਏ ਅਤੇ ਉਸ ਥਾਂ ਦਾ ਪਤਾ ਉਨ੍ਹਾਂ ਦੀ ਦ੍ਰਿਸ਼ਟੀ ਗੋਚਰ ਹੋਇਆ। ਅਗਲੀ ਸਵੇਰ ਉਹ ਸਾਰੇ ਰਲਕੇ ਖਡੂਰ ਦੇ ਨੇੜੇ ਉਸ ਘਰ ਵੱਲ ਗਏ ਜਿਥੇ ਗੁਰੂ ਜੀ ਇਕਾਂਤ ਵਿੱਚ ਬਿਰਾਜਮਾਨ ਸਨ। ਘਰ ਦੇ ਮਾਲਕ ਨੇ ਉਹਨਾਂ ਨੂੰ ਕੁਝ ਨਹੀਂ ਦਸਿਆ ਪਰ ਅੰਦਰ ਗੁਰੂ ਜੀ ਕੋਲ ਚਾਰ ਸਿਖਾਂ ਦੇ ਆਉਣ ਦੀ ਖਬਰ ਦਿਤੀ। ਗੁਰੂ ਜੀ ਨੇ ਉਸਨੂੰ ਕਿਹਾ ਕਿ ਸਿਖਾਂ ਨੂੰ ਅੰਦਰ ਲੈ ਆਉ। ਗੁਰੂ ਜੀ ਨੇ ਭਾਈ ਬੁੱਢਾ ਜੀ ਨੂੰ ਛਾਤੀ ਨਾਲ ਲਾਇਆ ਅਤੇ ਇਸ ਸਲੋਕ ਦਾ ਉਚਾਰਨ ਕੀਤਾ:

"ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ। ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀਂ ਸੋ ਪਿੰਜਰੁ ਲੈ ਜਾਰਿ।"

(ਸਲੋਕ ਮਹਲਾ ੨, ਪੰਨਾ ੮੯)

ਭਾਈ ਬੁੱਢਾ ਜੀ ਨੇ ਗੁਰੂ ਜੀ ਜੋਗ ਬੇਨਤੀ ਕੀਤੀ ਕਿ ਆਉ ਗੁਰਗੱਦੀ ਤੇ ਬਿਰਾਜਮਾਨ ਹੋਕੇ ਸੰਗਤਾਂ ਨੂੰ ਦਰਸ਼ਨ ਦਿਉ। ਇਸ ਪਿਛੋਂ ਗੁਰੂ ਜੀ ਇਕਾਂਤ ਵਾਸ ਤੋਂ ਬਾਹਰ ਆ ਗਏ। ਪਤਾ ਲੱਗਣ ਤੇ ਸੰਗਤਾਂ ਦੀਆਂ ਵਹੀਰਾਂ ਆਪਣੀਆਂ ਭੇਟਾਵਾਂ ਲੈਕੇ ਗੁਰੂ ਜੀ ਦੇ ਦਰਸ਼ਨ ਕਰਨ ਆ ਗਈਆਂ। ਜੋ ਕੁਝ ਭੇਟਾ ਆਇਆ ਗੁਰੂ ਜੀ ਨੇ ਲੰਗਰ ਵਿੱਚ ਭੇਜ ਦਿੱਤਾ। ਨਿਰੰਤਰ ਪ੍ਰਚਾਰ, ਸ਼ਬਦ ਬਾਣੀ ਦਾ ਕੀਰਤਨ ਅਤੇ ਨਾਮ ਸਿਮਰਨ ਹੋਣ ਲੱਗਾ।

## ਬਾਦਸ਼ਾਹ ਹਿਮਾਯੂੰ ਗੁਰੂ ਜੀ ਦੇ ਦਰਸ਼ਨ ਲਈ :

ਬਾਦਸ਼ਾਹ ਹਿਮਾਯੂੰ ਆਪਣੇ ਪਿਤਾ ਬਾਬਰ ਪਿਛੋਂ ਗੱਦੀ ਤੇ ਬੈਠਾ ਪਰ ਉਸਨੇ ਸ਼ੇਰ ਸ਼ਾਹ ਕੋਲੋਂ ਬੁਰੀ ਤਰ੍ਹਾਂ ਹਾਰ ਖਾਧੀ। ਹਿਮਾਯੂੰ ਨੇ ਪੁਛ ਪੜਤਾਲ ਕੀਤੀ ਕਿ ਕੋਈ ਮਹਾਤਮਾ ਫਕੀਰ ਹੈ ਜੋ ਉਸਦੀ ਸਹਾਇਤਾ, ਤਖਤ ਅਤੇ ਰਾਜ ਪਾਟ ਵਾਪਸ ਦਿਵਾਉਣ ਲਈ ਕਰ ਸਕਦਾ ਹੈ। ਉਸਨੂੰ ਗੁਰੂ ਅੰਗਦ ਦੇਵ ਜੀ ਤੋਂ ਸਹਾਇਤਾ ਮੰਗਨ ਦੀ ਸਲਾਹ ਦਿਤੀ ਗਈ। ਸੋ ਹਿਮਾਯੂੰ ਖਡੂਰ ਗੁਰੂ ਜੀ ਕੋਲ ਆਇਆ। ਉਸ ਸਮੇਂ ਗੁਰੂ ਜੀ ਸਮਾਧੀ ਵਿੱਚ ਲੀਨ ਸਨ ਅਤੇ ਰਬਾਬੀ ਬਾਣੀ ਦਾ ਕੀਰਤਨ ਕਰ ਰਹੇ ਸਨ। ਹਿਮਾਯੂੰ ਵੱਲ ਧਿਆਨ ਨ ਦਿੱਤਾ ਗਿਆ ਹੋਣ ਕਰਕੇ ਉਡੀਕ ਵਿੱਚ ਖੜਾ ਰਹਿਣਾ ਪਿਆ। ਉਸ ਨੂੰ ਬੜਾ ਕਰੋਧ ਆਇਆ ਅਤੇ ਉਸਨੇ ਆਪਣੀ ਤਲਵਾਰ ਦੀ ਮੱਠ ਤੇ ਹੱਥ ਰੱਖਿਆ, ਗੁਰੂ ਜੀ ਉਤੇ ਵਾਰ ਕਰਨ ਲਈ। ਪਰ ਤਲਵਾਰ ਮਿਆਨ ਵਿਚੋਂ ਬਾਹਰ ਨ ਆ ਸਕੀ ਜਿਸ ਤੇ ਹਿਮਾਯੂੰ ਸ਼ਰਮਸਾਰ ਹੋਕੇ ਪਛਤਾਵਾ ਕਰਨ ਲੱਗਾ। ਗੁਰੂ ਜੀ ਨੇ ਵੀ ਉਸਨੂੰ ਬਚਨ ਕੀਤਾ, "ਸ਼ੇਰ ਸ਼ਾਹ ਨਾਲ ਜੰਗ ਵੇਲੇ ਤੇਰੀ ਤਲਵਾਰ ਕਿਥੇ ਸੀ? ਹੁਣ ਤੂੰ ਉਥੋਂ ਦੌੜਕੇ ਫਕੀਰਾਂ ਕੋਲ ਆਇਆ ਹੈਂ ਤਾਂ ਸਤਿਕਾਰ ਸਹਿਤ ਨਮਸਕਾਰ ਕਰਨ ਦੀ ਥਾਂ ਇਹਨਾਂ ਉਤੇ ਤਲਵਾਰ ਚਲਾਉਣ ਲੱਗਾ ਹੈਂ ਜੋ ਫਕੀਰ ਆਪਣੀ ਅਰਾਧਨਾ ਵਿੱਚ ਲੱਗੇ ਹੋਏ ਹਨ। ਰਣ ਖੇਤਰ ਵਿਚੋਂ ਬੁਜ਼ਦਿਲਾਂ ਵਾਂਗ ਦੌੜ ਆਇਆ ਹੈਂ, ਹੁਣ ਸੂਰਬੀਰ ਹੋਣ ਦਾ ਦਿਖਾਵਾ ਕਰਦਾ, ਫਕੀਰਾਂ ਉਤੇ ਹੱਲਾ ਕਰਨਾ ਚਾਹੁੰਦਾ ਹੈਂ?" ਹਿਮਾਯੂੰ ਪਛਤਾਇਆ ਅਤੇ ਗੁਰੂ ਜੀ ਅੱਗੇ ਜੋਦੜੀ ਕੀਤੀ ਰੂਹਾਨੀ ਮੱਦਦ ਦੀ ਬਖਸ਼ਿਸ਼ ਵਾਸਤੇ। ਗੁਰੂ ਜੀ ਨੇ ਉਤ੍ਰ ਦਿੱਤਾ, "ਜੇ ਤੂੰ ਤਲਵਾਰ ਤੇ ਹੱਥ ਨ ਰਖਦਾ ਤਾਂ ਤੈਨੂੰ ਆਪਣਾ ਰਾਜ ਉਸੇ ਵਕਤ ਮਿਲ ਜਾਂਦਾ। ਪਰ ਹੁਣ ਤੂੰ ਕੁਝ ਸਮੇਂ ਲਈ ਆਪਣੇ ਦੇਸ਼ ਨੂੰ ਚਲਾ ਜਾਵੇਂਗਾ ਅਤੇ ਜਦ ਵਾਪਸ ਆਵੇਂਗਾ ਤੇਰਾ ਰਾਜ ਤੈਨੂੰ ਵਾਪਸ ਮਿਲ ਜਾਵੇਗਾ।" ਹਿਮਾਯੂੰ ਆਪਣੇ ਦੇਸ ਮੁੜ ਗਿਆ ਅਤੇ ਫਰਾਂਸ ਦੇ ਬਾਦਸ਼ਾਹ ਕੋਲੋਂ ਘੋੜ ਸਵਾਰ ਫੌਜ ਦੀ ਕੁਮਕ ਲੈਕੇ ਭਾਰਤ ਵਾਪਸ ਆ ਗਿਆ। ਇੱਕ ਗੰਭੀਰ ਜੰਗ ਲੜ ਕੇ ਉਸ ਨੇ ਦਿੱਲੀ ਉੱਤੇ ਕਬਜ਼ਾ ਕਰਕੇ ਆਪਣਾ ਰਾਜ ਵਾਪਸ ਲੈ ਲਿਆ।

## ਗੁਰਮੁਖੀ ਲਿਪੀ :

ਪੰਜਾਬੀ ਦੀ ਕਟੀ-ਫਟੀ ਅਤੇ ਅਪੂਰਨ ਜਿਹੀ ਲਿਪੀ ਤਾਂ ਗੁਰੂ ਨਾਨਕ ਜੀ ਦੇ ਸਮੇਂ ਹੀ ਪ੍ਰਚਲਤ ਸੀ, ਪਰ ਗੁਰੂ ਅੰਗਦ ਦੇਵ ਜੀ ਨੇ ਇਸਦੀ ਸੁਧਾਈ ਕਰ ਦਿਤੀ ਅਤੇ ਸੁਘੜ ਬਣਾ ਦਿੱਤਾ। ਕਿਉਂਕਿ ਗੁਰੂ ਜੀ ਨੇ ਸੋਧੀ ਹੋਈ ਲਿਪੀ ਦੀ ਵਰਤੋਂ ਅਰੰਭ ਦਿਤੀ ਸੀ, ਇਸ ਲਿੱਪੀ ਨੂੰ "ਗੁਰਮੁਖੀ" ਲਿੱਪੀ ਨਾਮ ਮਿਲ ਗਿਆ, ਅਰਥਾਤ ਗੁਰੂ ਜੀ ਦੇ ਮੁਖ ਤੋਂ ਉਚਾਰੀ ਹੋਈ।

ਇਸ ਸੋਧੀ ਹੋਈ ਲਿਪੀ ਦੀ ਗੁਰੂ ਜੀ ਵਲੋਂ ਵਰਤੋਂ ਦੀ ਮਹੱਤਤਾ ਇਹ ਹੈ ਕਿ ਗੁਰੂ ਜੀ ਨੇ ਹੋਰ ਸਾਰੀਆਂ ਲਿਪੀਆਂ ਨੂੰ ਅਪਰਵਾਨ ਕਰਕੇ ਇਹ ਲਿਪੀ, ਜੋ ਉਨ੍ਹਾਂ ਦੀ ਆਪਣੀ ਅਤੇ ਲੋਕਾਂ ਦੀ ਬੋਲੀ ਦੇ ਅਨਕੂਲ ਸੀ, ਵਰਤੋਂ ਵਿੱਚ ਲੈ ਆਂਦੀ। ਇਸ ਨੇ ਸਭਿਅਤਾ ਨੂੰ ਪ੍ਰਫੁਲਤ ਕਰਨ ਵਿੱਚ ਵੀ ਸਹਾਇਤਾ ਕੀਤੀ।

## ਬਾਬਾ ਅਮਰਦਾਸ ਜੀ ਗੁਰੂ ਅੰਗਦ ਦੀ ਸ਼ਰਨ ਆਏ :

ਬਾਬਾ ਅਮਰਦਾਸ ਜੀ ਅੰਮ੍ਰਿਤਸਰ ਨੇੜੇ ਬਾਸਰਕਾ ਪਿੰਡ ਵਿੱਚ ਰਹਿੰਦੇ ਸੀ। ਉਹ ਵੈਸ਼ਨਵ ਮੱਤ ਦੇ ਪੱਕੇ ਸ਼ਰਧਾਲੂ ਸਨ ਅਤੇ ਬਾਕਾਇਦਾ ਵਰਤ ਰਖਿਆ ਕਰਦੇ ਸਨ। ਹਰ ਵਰ੍ਹੇ ਉਹ ਹਰਦਵਾਰ ਯਾਤਰਾ ਲਈ ਜਾਂਦੇ, ਗੰਗਾ ਇਸ਼ਨਾਨ ਕਰਦੇ ਅਤੇ ਗਰੀਬਾਂ ਨੂੰ ਦਾਨ ਦਿਆ ਕਰਦੇ ਸੀ। ਇਹ ਉਨ੍ਹਾਂ ਦੀ ਯਾਤਰਾ ਦਾ ਇਕੀਵਾਂ ਵਰ੍ਹਾ ਸੀ ਅਤੇ ਉਨ੍ਹਾਂ ਦੀ ਆਯੂ ੬੨ ਵਰ੍ਹੇ ਦੀ ਹੋ ਗਈ ਸੀ। ਉਹ ਹਰਦਵਾਰ ਤੋਂ ਵਾਪਸ ਆ ਰਹੇ ਸੀ ਜਦ ਉਨ੍ਹਾਂ ਰਾਹ ਵਿੱਚ ਪਿੰਡ ਮਿਹਰਾ ਦੇ ਬਾਹਰ ਰੁਕ ਕੇ ਨੀਂਦ ਕਰਨ ਦਾ ਮਨ ਬਣਾਇਆ। ਇਥੇ ਉਨ੍ਹਾਂ ਨੂੰ ਇੱਕ ਵੈਸ਼ਨਵ ਸਾਧੂ ਮਿਲਿਆ ਜਿਸ ਨਾਲ ਐਨਾ ਨਿਕਟੀ ਹੋ ਗਏ ਕਿ ਉਹ ਇੱਕ ਦੂਜੇ ਲਈ ਭੋਜਨ ਤਿਆਰ ਕਰ ਦਿੰਦੇ ਸਨ। ਜਿਉਂ ਹੀ ਉਹ ਬਾਕੀ ਸਫਰ ਤੇ ਚੱਲੇ, ਸਾਧੂ ਨੇ ਵੇਖਿਆ ਕਿ ਬਾਬਾ ਅਮਰਦਾਸ ਇੱਕ ਧਰਮਾਤਮਾ ਹਿੰਦੂ ਵਾਲੇ ਸਾਰੇ ਫਰਜ਼ ਬੜੀ ਲਗਨ ਨਾਲ ਨਿਭਾਉਂਦੇ ਹਨ। ਉਸਨੇ ਬਾਬਾ ਜੀ ਨੂੰ ਪੁਛਿਆ ਕਿ ਇਹਨਾਂ ਦਾ ਗੁਰੂ ਕੌਣ ਹੈ ਜਿਸਨੇ ਇਹਨਾਂ ਨੂੰ ਅਜੇਹਾ ਸਦਾਚਾਰ ਅਤੇ ਬੁੱਧੀ ਬਖਸ਼ੇ ਹਨ? ਬਾਬਾ ਜੀ ਨੇ ਉਤ੍ਰ ਦਿੱਤਾ ਕਿ ਇਨ੍ਹਾਂ ਦਾ ਕੋਈ ਗੁਰੂ ਨਹੀਂ। ਇਹ ਸੁਣਕੇ ਸਾਧੂ ਪ੍ਰੇਸ਼ਾਨ ਹੋਇਆ ਕਹਿਣ ਲਗਾ ਕਿ "ਮੈਂ ਤਾਂ ਪਾਪ ਕਰ ਬੈਠਾ ਹਾਂ ਕਿ ਮੈਂ ਇੱਕ ਨਿਗੁਰੇ ਦੇ ਹੱਥੋਂ ਭੋਜਨ ਖਾ ਲਿਆ ਹੈ। ਮੇਰੀ ਗੰਗਾ ਇਸ਼ਨਾਨ ਨਾਲ ਹੋਈ ਸ਼ੁਧੀ ਬੇਕਾਰ ਹੋ ਗਈ ਹੈ। ਮੈਂ ਹੁਣ ਤਾਂ ਹੀ ਪਵਿਤਰ ਹੋ ਸਕਾਂਗਾ ਜੇ ਮੈਂ ਮੁੜ ਜਾਕੇ ਗੰਗਾ ਇਸ਼ਨਾਨ ਕਰਾਂ। ਇਹ ਕਹਿਕੇ ਸਾਧੂ ਚਲਾ ਗਿਆ।"

ਇਸ ਗੱਲ ਦਾ ਬਾਬਾ ਅਮਰਦਾਸ ਜੀ ਨੂੰ ਵੱਡਾ ਸਦਮਾ ਲੱਗਾ ਅਤੇ ਆਪਣੇ ਦਿਲੋਂ ਸੋਚਦਿਆਂ ਕਿ ਮੈਂ ਨਿਗੁਰਾ ਹਾਂ ਹਲੂਣੇ ਗਏ।

"ਸਤਿਗੁਰ ਬਾਝਹੁ ਗੁਰੂ ਨਹੀਂ ਕੋਈ ਨਿਗੁਰੇ ਕਾ ਹੈ ਨਾਉ ਬੁਰਾ।"

(ਰਾਗ ਆਸਾ ਮਹਲਾ ੩, ਪੰਨਾ ੪੩੫)

ਉਹ ਬੜੀ ਗੰਭੀਰ ਸੋਚ ਵਿੱਚ ਪੈ ਗਏ ਕਿ ਗੁਰੂ ਕਿਵੇਂ ਭਾਲਿਆ ਜਾਵੇ; ਅਤੇ ਇਸਦੇ ਵਾਸਤੇ ਪ੍ਰਮਾਤਮਾ ਅੱਗੇ ਸਹਾਇਤਾ ਲਈ ਬੇਨਤੀ ਕਰਨ ਲੱਗੇ। ਇੱਕ ਦਿਨ ਸਵਖਤੇ ਸਵੇਰੇ ਬਾਬਾ ਜੀ ਦੇ ਕੰਨੀਂ ਇੱਕ ਸੁਰੀਲੀ ਰੱਬੀ ਧੁੰਨ ਦੀ ਆਵਾਜ਼ ਪਈ ਜਿਸਨੂੰ ਸੁਣਕੇ ਉਨਾਂ ਦਾ ਚਿਤ ਖਿੜ ਗਿਆ। ਉਹ ਮੁਗਧ ਹੋਕੇ ਖੜੇ ਸ਼ਬਦ ਸੁਣਨ ਲਗ ਗਏ। ਇਹ ਆਵਾਜ਼ ਗੁਰੂ ਅੰਗਦ ਦੇਵ ਜੀ ਦੀ ਸਪੁਤਰੀ ਬੀਬੀ ਅਮਰੋ ਦੀ ਸੀ ਜੋ ਹਾਲ ਹੀ ਬਾਬਾ ਜੀ ਦੇ ਭਤੀਜੇ ਨਾਲ ਵਿਆਹੀ ਆਈ ਸੀ। ਬੀਬੀ ਅਮਰੋ ਦਾ ਇਹ ਨਿਤ ਨੇਮ ਸੀ ਕਿ ਸਵੇਰੇ ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਕੇ ਜਪੁਜੀ ਅਤੇ ਗੁਰੂ ਨਾਨਕ ਜੀ ਦੀ ਹੋਰ ਬਾਣੀ ਦਾ ਪਾਠ ਕਰਨਾ। ਬੀਬੀ ਅਮਰੋ ਇਸ ਸ਼ਬਦ ਦਾ ਪਾਠ ਕਰ ਰਹੀ ਸੀ ਜੋ ਬਾਬਾ ਅਮਰਦਾਸ ਜੀ ਨੇ ਸੁਣਿਆ:-

"ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ।
ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ।
ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ।
ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ
ਦਿਤਮੁ ਮਿਲਾਇ।੧।ਰਹਾਉ।"

(ਮਾਰੂ ਮਹਲਾ ੧, ਪੰਨਾ ੧੦੧੫)

ਬਾਬਾ ਜੀ ਨੇ ਬੀਬੀ ਅਮਰੋ ਤੋਂ ਪੁਛਿਆ ਕਿ ਉਹ ਕਿਸਦੀ ਬਾਣੀ ਦਾ ਪਾਠ ਕਰ ਰਹੀ ਸੀ। ਉਸਨੇ ਉਤ੍ਰ ਦਿੱਤਾ ਕਿ ਇਹ ਗੁਰੂ ਨਾਨਕ ਜੀ ਦਾ ਸ਼ਬਦ ਹੈ ਜੋ ਬੀਬੀ ਨੇ ਆਪਣੇ ਪਿਤਾ ਜੀ, ਜੋ ਗੁਰੂ ਨਾਨਕ ਜੀ ਦੀ ਗੱਦੀ ਤੇ ਬੈਠੇ ਹਨ, ਤੋਂ ਸਿਖਿਆ ਸੀ। ਬਾਬਾ ਜੀ ਨੇ ਬੀਬੀ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਗੁਰੂ ਜੀ ਕੋਲ ਲੈ ਚੱਲੇ। ਕੁਝ ਦਿਨਾਂ ਪਿੱਛੋਂ ਬਾਬਾ ਜੀ ਬੀਬੀ ਅਮਰੋ ਨਾਲ ਖਡੂਰ ਗੁਰੂ ਜੀ ਦੇ ਦਰਸ਼ਨਾਂ ਲਈ ਆਏ। ਜਦ ਬਾਬਾ ਜੀ ਗੁਰੂ ਜੀ ਕੋਲ ਪੁੱਜੇ ਤਾਂ ਗੁਰੂ ਅੰਗਦ ਦੇਵ ਜੀ ਕੁੜਮਾਚਾਰੀ ਦੇ ਰਿਸ਼ਤੇ ਵਜੋਂ ਬਾਬਾ ਜੀ ਨੂੰ ਜੱਫੀ ਪਾਕੇ ਆਦਰ ਭਾਉ

ਨਾਲ ਮਿਲਣ ਵਾਸਤੇ ਉਠੇ ਪਰ ਬਾਬਾ ਜੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਅਤੇ ਕਿਹਾ, "ਆਪ ਰੱਬੀ ਰੂਪ ਹੋ ਅਤੇ ਮੈਂ ਕੇਵਲ ਇੱਕ ਕੀੜਾ ਹਾਂ।" ਗੁਰੂ ਜੀ ਦੇ ਦਰਸ਼ਨ ਕਰਕੇ ਬਾਬਾ ਜੀ ਐਨੇ ਬਿਹਬਲ ਹੋ ਗਏ ਕਿ ਉਥੋਂ ਜਾਣਾ ਉਨ੍ਹਾਂ ਲਈ ਸਹਾਰਣਾ ਅਸੰਭਵ ਹੋ ਗਿਆ। ਬਾਬਾ ਜੀ ਦੇ ਦਿਲ ਵਿੱਚ ਗੁਰੂ ਜੀ ਲਈ ਐਨਾ ਡੂੰਘਾ ਅਤੇ ਗੰਭੀਰ ਪ੍ਰੇਮ ਉਮਡ ਆਇਆ ਕਿ ਉਹ ਗੁਰੂ ਜੀ ਦੀ ਹਰ ਤਰ੍ਹਾਂ ਦੀ ਸੇਵਾ ਕਰਨੀ ਲੋਚਦੇ ਸਨ।

ਇੱਕ ਦਿਨ ਰਾਤ ਦੇ ਭੋਜਨ ਲਈ ਮਾਸ ਪੱਕਿਆ ਸੀ ਤਾਂ ਬਾਬਾ ਅਮਰਦਾਸ ਜੀ ਕਹਿਣ ਲੱਗੇ ਕਿ "ਜੇ ਗੁਰੂ ਜੀ ਸਭ ਦਿਲਾਂ ਦੀਆਂ ਜਾਣਦੇ ਹਨ ਤਾਂ ਉਨ੍ਹਾਂ ਨੂੰ ਪਤਾ ਹੋਵੇਗਾ ਕਿ ਮੈਂ ਪੱਕਾ ਵੈਸ਼ਨਵ ਹਾਂ ਅਤੇ ਮਾਸ ਨੂੰ ਹੱਥ ਨਹੀ ਲਾਉਂਦਾ।" ਇਹ ਅਨੁਭਵ ਕਰਕੇ ਗੁਰੂ ਜੀ ਨੇ ਲੰਗਰ ਵਰਤਾਉਣ ਵਾਲੇ ਸਿਖ ਨੂੰ ਹੁਕਮ ਦਿੱਤਾ ਕਿ ਬਾਬਾ ਜੀ ਨੂੰ ਕੇਵਲ ਦਾਲ ਵਰਤਾਈ ਜਾਵੇ, ਮਾਸ ਨਹੀਂ। ਉਸ ਪਿਛੋਂ ਛੇਤੀ ਹੀ ਬਾਬਾ ਜੀ ਨੇ ਵੀਚਾਰ ਕੀਤਾ ਕਿ ਇੱਕ ਚੇਲੇ ਦਾ ਵਰਤਾਉ ਆਪਣੇ ਗੁਰੂ ਦੇ ਵਰਤਾਰੇ ਨਾਲੋਂ ਵੱਖਰਾ ਹੈ ਤਾਂ ਉਹ ਸਿਖ ਸਫਲ ਨਹੀਂ ਹੋਵੇਗਾ। ਬਾਬਾ ਜੀ ਨੇ ਲੰਗਰ ਪਕਾਉਣ ਵਾਲੇ ਸਿਖ ਨੂੰ ਬੇਨਤੀ ਕੀਤੀ ਕਿ ਜੋ ਮਾਸ ਗੁਰੂ ਜੀ ਆਪ ਭੋਜਨ ਕਰਦਿਆਂ ਛੱਡ ਦੇਣ ਦੀ ਕ੍ਰਿਪਾ ਕਰਨ ਉਹ ਮੈਂ ਖਾ ਲਵਾਂਗਾ, ਉਹ ਮੈਨੂੰ ਦੇ ਦੇਣਾ। ਬਾਬਾ ਜੀ ਦੇ ਹੋਰ ਭਰਮ ਵੀ ਦੂਰ ਕਰਨ ਵਾਸਤੇ ਗੁਰੂ ਜੀ ਨੇ ਬਾਬਾ ਜੀ ਨੂੰ ਉਪਦੇਸ਼ ਦਿੱਤਾ ਕਿ ਜਿਹੜੇ ਮਾਸ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਉਹ ਹੈ ਦੂਜਿਆਂ ਦਾ ਧਨ ਦੌਲਤ, ਦੂਜੀਆਂ ਦੀਆਂ ਪਤਨੀਆਂ, ਨਿੰਦਿਆ, ਈਰਖਾ, ਲੋਭ ਅਤੇ ਹੰਕਾਰ। ਗੁਰੂ ਜੀ ਨੇ ਫਿਰ ਇਸੇ ਭਾਵ ਦੇ ਸਲੋਕ ਦਾ ਉਚਾਰਣ ਕੀਤਾ ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੨੮੯ ਤੇ ਹੈ।

## ਗੋਇੰਦਵਾਲ ਸ਼ਹਿਰ :

ਇੱਕ ਦਿਨ ਗੋਬਿੰਦ ਨਾਮ ਦਾ ਇੱਕ ਸੱਜਣ ਗੁਰੂ ਜੀ ਕੋਲ ਆਇਆ ਅਤੇ ਬੇਨਤੀ ਕੀਤੀ ਕਿ ਆਪਣੇ ਸੰਬੰਧੀਆਂ ਵਿਰੁਧ ਜੋ ਉਸਨੇ ਦਾਅਵਾ ਕੀਤਾ ਹੋਇਆ ਹੈ ਜਿਤ ਜਾਇ ਤਾਂ ਉਹ ਗੁਰੂ ਜੀ ਦੇ ਸਤਿਕਾਰ ਵਜੋਂ ਇੱਕ ਸ਼ਹਿਰ ਵਸਾ ਦੇਵੇਗਾ। ਭਲੀ ਕਿਸਮਤ ਨੇ ਸਾਥ ਦਿੱਤਾ ਅਤੇ ਉਹ ਮੁਕੱਦਮਾ ਜਿਤ ਗਿਆ। ਸੋ ਉਸਨੇ ਦਰਿਆ ਬਿਆਸ ਦੇ ਕੰਢੇ ਸ਼ਹਿਰ ਦੀ ਉਸਾਰੀ ਸ਼ੁਰੂ ਕਰਵਾ ਦਿਤੀ। ਜਿੰਨਾ ਕੰਮ ਉਹ ਦਿਨ ਵੇਲੇ ਕਰਵਾਉਂਦਾ ਸੀ ਉਹ ਕਿਸੇ ਭੇਦ ਭਰੇ ਢੰਗ ਨਾਲ ਰਾਤ ਵੇਲੇ ਨਸ਼ਟ ਹੋ ਜਾਂਦਾ। ਗੋਬਿੰਦ ਗੁਰੂ ਜੀ ਕੋਲ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ ਕਿ ਗੁਰੂ ਜੀ ਉਸਦੀ ਸ਼ਹਿਰ ਉਸਰਵਾਉਣ ਦੀ ਇਛਾ ਪੂਰੀ ਕਰਾਉਣ ਦੀ ਮਿਹਰ ਬਖਸ਼ਣ।

ਇਸਤੇ ਗੁਰੂ ਜੀ ਨੇ ਬਾਬਾ ਅਮਰਦਾਸ ਜੀ ਨੂੰ ਗੋਬਿੰਦ ਦੀ ਸਹਾਇਤਾ ਲਈ ਭੇਜਿਆ। ਬਾਬਾ ਜੀ ਨੇ ਅਕਾਲ ਪੁਰਖ ਅੱਗੇ ਸਹਾਇਤਾ ਲਈ ਅਰਦਾਸ ਕੀਤੀ। ਸ਼ਹਿਰ ਉਸਾਰੀ ਬਿਨਾ ਹੋਰ ਕਿਸੇ ਦੇਰ ਦੇ ਚੱਲ ਪਈ ਅਤੇ ਬਾਬਾ ਜੀ ਨੇ ਇਸ ਸ਼ਹਿਰ ਦਾ ਨਾਮ ਗੋਬਿੰਦਵਾਲ ਰੱਖ ਦਿੱਤਾ। ਪਿੱਛੋਂ ਜਾਕੇ ਇਹ ਗੋਇੰਦਵਾਲ ਕਹਾਉਣ ਲਗ ਗਿਆ। ਗੋਬਿੰਦ ਨੇ ਬਾਬਾ ਅਮਰਦਾਸ ਜੀ ਦੇ ਉਪਕਾਰ ਨੂੰ ਭੁੱਲਿਆ ਨਹੀਂ ਅਤੇ ਉਸਨੇ ਬਾਬਾ ਜੀ ਵਾਸਤੇ ਵੀ ਸ਼ਹਿਰ ਵਿੱਚ ਇੱਕ ਥਾਂ ਦੀ ਉਸਾਰੀ ਕਰਵਾ ਦਿਤੀ। ਜਦ ਸਾਰਾ ਕੰਮ ਸਫਲਤਾ ਸਹਿਤ ਸਮਾਪਤ ਹੋ ਗਿਆ ਤਾਂ ਗੋਬਿੰਦ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿੱਚ ਧੰਨਵਾਦ ਭੇਟ ਕਰਨ ਆਇਆ ਅਤੇ ਬੇਨਤੀ ਕੀਤੀ ਕਿ ਆਪ ਨਵ-ਉਸਰੇ ਸ਼ਹਿਰ ਵਿੱਚ ਆਵੋ ਅਤੇ ਉਥੇ ਹੀ ਰਹਵੋ। ਗੁਰੂ ਜੀ ਆਪਣੇ ਨਗਰ ਤੋਂ ਜਾਣਾ ਨਹੀਂ ਚਾਹੁੰਦੇ ਸਨ ਜੋ ਉਨ੍ਹਾਂ ਨੇ ਬਾਬਾ ਅਮਰਦਾਸ ਜੀ ਨੂੰ ਹੁਕਮ ਕੀਤਾ ਕਿ ਰਾਤ ਗੋਬਿੰਦਵਾਲ ਰਿਹਾ ਕਰੋ ਅਤੇ ਦਿਨ ਸਮੇਂ ਗੁਰੂ ਜੀ ਕੋਲ ਆ ਜਾਇਆ ਕਰੋ। ਬਾਬਾ ਜੀ ਹੁਕਮ ਮੰਨਕੇ ਗੋਬਿੰਦਵਾਲ ਜਾ ਵੱਸੇ। ਸਮਾਂ ਬੀਤਦਿਆਂ ਬਾਬਾ ਜੀ ਆਪਣੇ ਸੰਬੰਧੀਆਂ ਨੂੰ ਬਾਸਰਕੇ ਤੋਂ ਲੈ ਆਏ ਅਤੇ ਇਥੇ ਵੱਸਣ ਵਿੱਚ ਸਹਾਇਤਾ ਕੀਤੀ।

ਬਾਬਾ ਅਮਰਦਾਸ ਜੀ ਹੁਣ ਗੋਬਿੰਦਵਾਲ ਰਹਿੰਦੇ ਸੀ ਅਤੇ ਉਹਨਾਂ ਦਾ ਨਿਤ ਦਾ ਨੇਮ ਸੀ ਸਵੇਰੇ ਅੰਮ੍ਰਿਤ ਵੇਲੇ ਉਠ ਜਾਣਾ ਅਤੇ ਬਿਆਸ ਦਰਿਆ ਤੋਂ ਇੱਕ ਗਾਗਰ ਪਾਣੀ ਦੀ ਭਰਕੇ ਖਡੂਰ ਜਾਣਾ ਜੋ ਉਥੋਂ ਤਿੰਨ ਕੁ ਮੀਲ ਦੂਰ ਸੀ। ਪਾਣੀ ਦੀ ਗਾਗਰ ਗੁਰੂ ਅੰਗਦ ਦੇਵ ਜੀ ਦੇ ਇਸ਼ਨਾਨ ਵਾਸਤੇ ਹੁੰਦੀ ਸੀ। ਰਾਹ ਵਿੱਚ ਬਾਬਾ ਜੀ ਜਪੁ ਜੀ ਦਾ ਪਾਠ ਕਰਦੇ ਆਉਂਦੇ। ਅੱਧ ਵਿੱਚ ਇੱਕ ਥਾਂ ਹੈ ਜਿਸਨੂੰ ਦਮਦਮਾ, ਅਰਥਾਤ ਦਮ ਲੈਣ ਦੀ ਥਾਂ, ਕਹਿੰਦੇ ਹਨ ਜਿਥੇ ਬਾਬਾ ਜੀ ਪਲ ਭਰ ਰੁਕ ਕੇ ਸਾਹ ਲੈ ਲੈਂਦੇ ਸਨ। ਪਿਛੋਂ ਇਸ ਅਸਥਾਨ 'ਤੇ ਇੱਕ ਗੁਰਦਵਾਰਾ ਉਸਾਰਿਆ ਗਿਆ। ਆਸਾ ਦੀ ਵਾਰ ਦਾ ਕੀਰਤਨ ਸਮਾਪਤ ਹੋਣ ਪਿਛੋਂ ਬਾਬਾ ਜੀ ਗੁਰੂ ਕੇ ਲੰਗਰ ਲਈ ਪਾਣੀ ਲਿਆਉਂਦੇ, ਲੰਗਰ ਦੇ ਭਾਂਡੇ ਮਾਂਜਦੇ ਅਤੇ ਜੰਗਲ ਵਿਚੋਂ ਲਕੜਾਂ ਲੰਗਰ ਵਿੱਚ ਬਾਲਣ ਵਾਸਤੇ ਲਿਆਉਂਦੇ। ਦਿਨ ਸਮੇਂ ਉਹ ਗੁਰੂ ਜੀ ਤੋਂ ਗੁਰਬਾਣੀ ਦੀ ਸਿਖਿਆ ਲੈਂਦੇ। ਸ਼ਾਮ ਪੈਣ ਤੇ ਬਾਬਾ ਜੀ ਸੋਦਰ ਅਤੇ ਕੀਰਤਨ ਵਿੱਚ ਹਾਜ਼ਰੀ ਭਰਦੇ। ਗੁਰੂ ਜੀ ਬਿਸਰਾਮ ਕਰਨ ਚਲੇ ਜਾਂਦੇ ਤਾਂ ਬਾਬਾ ਜੀ ਪੁੱਠੇ ਪੈਰੀਂ ਤੁਰਦੇ, ਤਾਂ ਜੁ ਗੁਰੂ ਜੀ ਵੱਲ ਪਿੱਠ ਕਰਨ ਦੀ ਨਿਰਾਦਰੀ ਨ ਹੋਵੇ, ਵਾਪਸ ਗੋਇੰਦਵਾਲ ਪਰਤ ਜਾਂਦੇ।

## ਗੁਰੂ ਅੰਗਦ ਜੀ ਅਤੇ ਤਪਾ :

ਖਡੂਰ ਵਿੱਚ ਤਪਾ ਨਾਮੀ ਇੱਕ ਸਾਧੂ ਰਹਿੰਦਾ ਸੀ। ਕੇਵਲ ਖਹਿਰਾ ਜੱਟ ਹੀ ਉਸ ਦੇ ਸ਼ਰਧਾਲੂ ਸਨ। ਤਪਾ ਗੁਰੂ ਜੀ ਨਾਲ ਈਰਖਾ ਰਖਦਾ ਸੀ ਅਤੇ ਗੁਰੂ ਜੀ ਦੇ ਸ਼ਰਧਾਲੂਆਂ ਵਲੋਂ ਉਨ੍ਹਾਂ ਦਾ ਸਤਿਕਾਰ ਹੁੰਦਾ ਵੇਖਕੇ ਦਲੀਲਬਾਜ਼ੀ ਕਰਦਾ ਰਹਿੰਦਾ। ਉਹ ਦਾਅਵਾ ਕਰਦਾ ਰਹਿੰਦਾ ਕਿ ਗੁਰੂ ਜੀ ਦੀ ਬਜਾਏ ਲੋਕ ਉਸਦੀ ਪੂਜਾ ਕਰਨ ਕਿਉਂਕਿ ਗੁਰੂ ਜੀ ਗ੍ਰਹਿਸਥੀ ਹਨ, ਸੰਨਿਆਸੀ ਨਹੀਂ।

ਇੱਕ ਵਰ੍ਹੇ ਬਰਸਾਤ ਨ ਹੋਈ ਅਤੇ ਨਤੀਜੇ ਵਜੋਂ ਔੜ ਪੈ ਗਈ। ਲੋਕ ਬੜੇ ਪ੍ਰੇਸ਼ਾਨ ਸਨ ਅਤੇ ਤਪੇ ਕੋਲ ਗਏ ਮੀਂਹ ਪੁਆਉਣ ਲਈ ਸਹਾਇਤਾ ਮੰਗਣ। ਤਪੇ ਨੇ ਕਿਹਾ ਕਿ ਉਹ ਸਾਧੂ ਹੈ ਪਰ ਲੋਕ ਉਸਦੀ ਪੂਜਾ ਨਹੀਂ ਕਰਦੇ ਅਤੇ ਉਸਦੀ ਥਾਂ ਹਰ ਕੋਈ ਗ੍ਰਹਿਸਥੀ (ਗੁਰੂ) ਦੀ ਪੂਜਾ ਕਰਦੇ ਹਨ; ਸੋ ਜਾਉ ਗੁਰੂ ਨੂੰ ਕਹੋ ਮੀਂਹ ਵਸਾਏ। ਉਹ ਲੋਕ ਗੁਰੂ ਜੀ ਕੋਲ ਗਏ। ਗੁਰੂ ਜੀ ਨੇ ਉਤ੍ਰ ਦਿੱਤਾ, "ਰੱਬ ਦੇ ਭਾਣੇ ਵਿੱਚ ਰਾਜ਼ੀ ਰਹੋ।" ਉਹ ਮੁੜ ਤਪੇ ਕੋਲ ਗਏ ਜਿਸਨੇ ਉਨ੍ਹਾਂ ਨੂੰ ਕਿਹਾ, "ਜੇ ਤੁਸੀਂ ਗੁਰੂ ਨੂੰ ਨਗਰ ਵਿਚੋਂ ਕੱਢ ਦੇਵੋ ਤਾਂ ਮੈਂ ਚਵੀ ਘੰਟਿਆਂ ਵਿੱਚ ਮੀਂਹ ਪੁਆ ਦੇਵਾਂਗਾ।" ਆਖਿਰ ਗੁਰੂ ਜੀ ਨਗਰ ਛੱਡ ਦਿੱਤਾ ਅਤੇ ਖਡੂਰ ਤੋਂ ਸੱਤ ਪਿੰਡ ਦੂਰ, ਜਿਥੇ ਤਪੇ ਦਾ, ਕੋਈ ਪ੍ਰਭਾਵ ਨਹੀਂ ਸੀ, ਜਾ ਰਹੇ।

ਅਗਲੀ ਸਵੇਰ ਜਦ ਬਾਬਾ ਅਮਰਦਾਸ ਖਡੂਰ ਆਏ ਤਾਂ ਉਨ੍ਹਾਂ ਗੁਰੂ ਜੀ ਦਾ ਘਰ ਖਾਲੀ ਵੇਖਿਆ। ਪੁੱਛਣ ਤੇ ਲੋਕਾਂ ਨੇ ਸਾਰੀ ਕਹਾਣੀ ਸੁਣਾ ਦਿਤੀ। ਇਤਨੇ ਸਮੇਂ ਵਿੱਚ ਤਪਾ ਮੀਂਹ ਨ ਪੁਆ ਸਕਿਆ। ਸੋ ਬਾਬਾ ਜੀ ਨੇ ਲੋਕਾਂ ਨੂੰ ਪੁਛਿਆ ਕਿ ਕੀਹ ਇੱਕ ਦੀਵਾ ਸੂਰਜ ਦੀ ਥਾਂ ਲੈ ਸਕਦਾ ਹੈ? ਬਾਬਾ ਜੀ ਨੇ ਕਿਹਾ ਕਿ ਜੇ ਲੋਕ ਮੀਂਹ ਚਾਹੁੰਦੇ ਹਨ ਤਾਂ ਤਪੇ ਨੂੰ ਇਸ ਅਵੱਗਿਆ ਦਾ ਦੰਡ ਦਿਉ। ਕਰਤਾਰ ਦੀ ਕੁਦਰਤ ਕਿ ਜਿਉਂ ਤਪੇ ਨੂੰ ਲੋਕ ਮਾਰ ਰਹੇ ਸਨ ਮੋਹਲੇਧਾਰ ਵਰਖਾ ਹੋਣ ਲੱਗੀ। ਉਸ ਪਿਛੋਂ ਲੋਕ ਗੁਰੂ ਜੀ ਕੋਲ ਗਏ ਗੁਰੂ ਜੀ ਨੂੰ ਕਸ਼ਟ ਦੇਣ ਦੀ ਭੁੱਲ ਬਖਸ਼ਾਉਣ ਲਈ।

ਜਦ ਗੁਰੂ ਅੰਗਦ ਦੇਵ ਜੀ ਨੇ ਤਪੇ ਨੂੰ ਦੰਡ ਦੇਣ ਦਾ ਸੁਣਿਆ, ਉਨ੍ਹਾਂ ਨੂੰ ਬੜਾ ਦੁਖ ਲੱਗਾ ਅਤੇ ਅਮਰਦਾਸ ਜੀ ਨੂੰ ਕਿਹਾ, "ਆਪਨੇ ਮੇਰੇ ਸਾਥ ਦਾ ਫਲ ਪ੍ਰਾਪਤ ਨਹੀਂ ਕੀਤਾ ਜੋ ਹੈ ਸ਼ਾਂਤੀ, ਸਹਿਣਸ਼ੀਲਤਾ ਅਤੇ ਖਿਮਾ।" ਇਹ ਸੁਣਕੇ ਬਾਬਾ ਜੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਅਤੇ ਦੀਨਤਾ ਨਾਲ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਭੁੱਲ ਦੀ ਖਿਮਾ ਬਖਸ਼ ਦੇਣ। ਬਾਬਾ ਜੀ ਨੇ ਕਿਹਾ ਕਿ ਤਪੇ ਨੂੰ ਮੈਂ ਹੀ ਦੰਡ ਦਿਵਾਇਆ ਸੀ ਕਿਉਂਕਿ ਮੇਰੇ ਕੋਲੋਂ ਆਪਜੀ ਦਾ ਜੋ ਨਿਰਾਦਰ ਹੋਇਆ ਸੀ ਸਹਿ ਨਹੀਂ ਸਕਿਆ ਅਤੇ ਪ੍ਰਣ ਕਰਦਾ ਹਾਂ ਕਿ ਅੱਗੇ ਤੋਂ ਮੈਂ ਆਪ ਜੀ ਦੇ ਹੁਕਮ ਹੀ ਮੰਨਾਂਗਾ।

ਇੱਕ ਵਾਰ ਮਾਰਚ ੧੫੫੨ ਵਿੱਚ ਸਾਰੀ ਰਾਤ ਮੀਂਹ ਪੈਂਦਾ ਰਿਹਾ, ਠੰਢੀਆਂ ਹਵਾਵਾਂ ਚਲਦੀਆਂ ਸਨ ਅਤੇ ਬਿਜਲੀ ਕੜਕਦੀ ਸੀ। ਬਾਬਾ ਅਮਰਦਾਸ ਜੀ ਨੇ ਬਿਆਸ ਦਰਿਆ ਤੋਂ ਗਾਗਰ ਪਾਣੀ ਦੀ ਭਰਕੇ ਲਿਆਂਦੀ ਆਪਣੇ ਗੁਰੂ ਦੇ ਇਸ਼ਨਾਨ ਵਾਸਤੇ। ਜਦ ਉਹ ਗੁਰੂ ਜੀ ਦੇ ਗ੍ਰਹਿ ਵਲ ਆ ਰਹੇ ਸਨ ਇੱਕ ਕਿੱਲੀ ਨਾਲ ਠੇਡਾ ਲੱਗਾ ਜੋ ਇੱਕ ਜੁਲਾਹੇ ਨੇ ਆਪਣੀ ਤਾਣੀ ਵਾਸਤੇ ਜ਼ਮੀਨ ਵਿੱਚ ਗੱਡੀ ਹੋਈ ਸੀ। ਬਾਬਾ ਜੀ ਜੁਲਾਹੇ ਦੀ ਖੱਡੀ ਵਿੱਚ ਡਿਗ ਪਏ। ਇਹ ਜੁਲਾਹਿਆਂ ਦੀ ਬਸਤੀ ਸੀ ਅਤੇ ਜਦ ਉਹਨਾਂ ਨੂੰ ਡਿਗਣ ਦਾ ਖੜਾਕ ਸੁਣਿਆ ਤਾਂ ਇੱਕ ਜੁਲਾਹੇ ਦੀ ਘਰ ਵਾਲੀ ਬੋਲੀ ਕਿ "ਐਨੀ ਸਵੇਰ ਹੋਰ ਕੌਣ ਹੋ ਸਕਦਾ ਹੈ? ਅਮਰੂ ਨਿਥਾਵਾਂ ਹੋਣਾ ਹੈ ਜੋ ਨਾ ਸੌਂਦਾ ਹੈ, ਨਾ ਆਰਾਮ ਕਰਦਾ ਹੈ ਅਤੇ ਥੱਕਦਾ ਵੀ ਨਹੀਂ। ਉਹ ਰੋਜ਼ ਦਰਿਆ ਤੋਂ ਪਾਣੀ ਢੋਂਦਾ ਅਤੇ ਜੰਗਲ 'ਚੋਂ ਲੱਕੜਾਂ ਲਿਆਉਂਦਾ ਹੈ ਅਤੇ ਗੁਰੂ ਕੇਹਾ ਹੈ ਜੋ ਐਉਂ ਸੇਵਾ ਕਰਾ ਰਿਹਾ ਹੈ।"

ਗੁਰੂ ਜੀ ਨੇ ਬੜਾ ਝਟਕਾ ਮਹਿਸੂਸ ਕੀਤਾ ਅਤੇ ਡੂੰਘੀ ਤਰ੍ਹਾਂ ਪ੍ਰਭਾਵਤ ਹੋਏ। ਉਨ੍ਹਾਂ ਨੇ ਬਾਬਾ ਅਮਰਦਾਸ ਜੀ ਨੂੰ ਜੱਫੀ ਵਿੱਚ ਲਿਆ (ਤਦ ਬਾਬਾ ਜੀ ਦੀ ਆਯੂ ੭੩ ਵਰ੍ਹੇ ਦੀ ਸੀ) ਅਤੇ ਕਿਹਾ, "ਮੇਰੇ ਅਮਰਦਾਸ ਜੀ ਨਿਘਰਿਆਂ ਦੇ ਘਰ, ਨਪੱਤਿਆਂ ਦੀ ਪਤ, ਨਿਤਾਣਿਆਂ ਦੇ ਤਾਣ, ਨਿਆਸਰਿਆਂ ਦੇ ਆਸਰੇ ਅਤੇ ਬੰਦੀਆਂ ਦੇ ਬੰਦੀ ਛੁਡਾਵਣਹਾਰ ਹੋਣਗੇ।"

ਉਸਤੋਂ ਪਿਛੋਂ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ ਆਪਣੀ ਗੱਦੀ ਤੇ ਬਿਠਾਇਆ, ਪੰਜ ਪੈਸੇ ਅਤੇ ਇੱਕ ਨਰੇਲ ਉਨ੍ਹਾਂ ਅੱਗੇ ਰੱਖਕੇ ਮੱਥਾ ਟੇਕ ਦਿੱਤਾ ਅਤੇ ਭਾਈ ਬੁੱਢਾ ਜੀ ਨੂੰ ਬਾਬਾ ਜੀ ਦੇ ਮਸਤਕ ਤੇ ਗੁਰਗੱਦੀ ਦਾ ਤਿਲਕ ਲਾਉਣ ਲਈ ਕਿਹਾ। ਤਦ ਬਾਬਾ ਜੀ ਤੀਜੇ ਗੁਰੂ, ਗੁਰੂ ਅਮਰਦਾਸ ਜੀ ਬਣ ਗਏ।

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।"

(ਰਾਮਕਲੀ ਕੀ ਵਾਰ, ਰਾਇ ਬਲਵੰਡ,ਪੰਨਾ ੯੬੬)

ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਗੋਇੰਦਵਾਲ ਜਾਕੇ ਰਹਿਣ ਦਾ ਆਦੇਸ਼ ਦਿੱਤਾ ਅਤੇ ਆਪ ੨੯ ਮਾਰਚ ੧੫੫੨ ਨੂੰ ਜੋਤੀ ਜੋਤ ਸਮਾ ਗਏ।

ਗੁਰੂ ਦੇ ਹੁਕਮ ਦੀ ਪਾਲਣਾ ਅਤੇ ਅਕਾਲ ਪੁਰਖ ਦੀ ਅਰਾਧਨਾ ਦੇ ਮੁਖ ਸਨ ਜਿਨ੍ਹਾਂ ਦੇ ਆਧਾਰ ਤੇ ਗੁਰਗੱਦੀ ਲਈ ਚੋਣ ਕੀਤੀ ਗਈ। ਪੁਤਰਾਂ ਅਤੇ ਸੰਬੰਧੀਆਂ ਦੇ ਵਿਰੋਧ ਦੇ ਬਾਵਜੂਦ ਗੁਰੂ ਅੰਗਦ ਦੇਵ ਜੀ ਨੇ ਬਾਬਾ ਅਮਰਦਾਸ ਜੀ ਨੂੰ ਗੁਰਗੱਦੀ ਸੌਂਪੀ ਜੋ ਗੁਰੂ ਨਾਨਕ ਦੇਵ ਜੀ ਦੇ ਇਲਾਹੀ ਤਖਤ ਦੇ ਸਭ ਤੋਂ ਵੱਧ ਯੋਗ ਅਤੇ ਗੁਣਵਾਨ ਸਨ।